**Journal of Advances and Scholarly Researches in Allied Education**
**Vol. 13, Issue No. 2, July-2017, ISSN 2230-7540**

# ਕਰਮ ਤੇ ਨਦਰਿ

**Dr. Harjot Kaur***

Professor in Punjabi, Department of Distance Education, Punjabi University, Patiala

---------------------------------X---------------------------------

ਮਨੁੱਖ ਦੁਆਰਾ ਕੀਤਾ ਗਿਆ ਕੋਈ ਵੀ ਕਾਰਜ ਉਸ ਦਾ ਕਰਮ ਅਖਵਾਉਂਦਾ ਹੈ। ਪੰਜਾਬੀ ਕੋਸ਼ ਵਿੱਚ ਕਰਮ ਦੇ ਅਰਥ ਵਿਸਤ੍ਰਿਤ ਰੂਪ ਵਿੱਚ ਦਿਤੇ ਗਏ ਹਨ ਜਿਵੇਂ ਜੋ ਕਰਨ ਵਿੱਚ ਆਵੇ ਸੋ ਕਰਮ ਹੈ ਅਤੇ ਕੰਮਕਾਰ, ਧੰਧਾ, ਭਾਗ, ਕਿਸਮਤ, ਭੈੜੇ ਕਰਮ।[1]

ਡਾ. ਰਤਨ ਸਿੰਘ ਜੱਗੀ ਨੇ ਇਸ ਸ਼ਬਦ ਦੀ ਵਿਉਂਤਪਤੀ ਦੇ ਦੋ ਆਧਾਰ ਦੱਸੇ ਹਨ : ਅਰਬੀ ਅਤੇ ਸੰਸਕ੍ਰਿਤੀ ਅਰਬੀ ਵਿੱਚ 'ਕਰਮ' ਦੇ ਅਰਥ ਹਨ : ਕ੍ਰਿਪਾ, ਬਖਸ਼ਿਸ਼ ਤੇ ਮਿਹਰ। ਸੰਸਕ੍ਰਿਤ ਵਿਚ ਇਹ ਸ਼ਬਦ 'ਕ੍ਰਿ' ਧਾਤੂ ਤੋਂ ਨਿਕਲਿਆ ਹੈ ਅਤੇ ਇਸ ਦੇ ਅਰਥ ਕ੍ਰਿਆ, ਉੱਦਮ, ਸ਼ੁਭ ਕ੍ਰਿਤ ਤੇ ਯੱਗ ਆਦਿ ਹਨ।[2]

ਕਰਮ ਕੀਤੇ ਬਿਨ੍ਹਾਂ ਕੋਈ ਵੀ ਮਨੁੱਖ ਨਹੀਂ ਰਹਿ ਸਕਦਾ ਕਿਉਂਕਿ ਕਰਮ ਕਰਨਾ ਉਸਦਾ ਸੁਭਾ ਹੈ। ਫਲ ਭੋਗਣ ਦੀ ਦ੍ਰਿਸ਼ਟੀ ਤੋਂ ਕਰਮ ਤਿੰਨ ਪ੍ਰਕਾਰ ਦੇ ਹੁੰਦੇ ਹਨ :

ਕ੍ਰਿਯਾਮਾਣ : ਜੋ ਵਰਤਮਾਨ ਸਮੇਂ ਕੀਤੇ ਜਾ ਰਹੇ ਹਨ।

ਪ੍ਰਾਲਬਧ : ਜਿਨ੍ਹਾਂ ਦੇ ਫਲ ਵਜੋਂ ਵਰਤਮਾਨ ਦੇਹ ਪ੍ਰਾਪਤ ਹੋਈ ਹੈ।

ਸੰਚਿਤ : ਉਹ ਜਿਨ੍ਹਾਂ ਦਾ ਹਿਸਾਬ ਪਿਛਲੇ ਕਈ ਜਨਮਾਂ ਤੋਂ ਚਲਿਆ ਆ ਰਿਹਾ ਹੈ।[3]

ਮਨੁੱਖ ਜੋ—ਜੋ ਕਰਮ ਕਰਦਾ ਹੈ, ਉਨ੍ਹਾਂ ਅਨੁਸਾਰ ਉਸਨੂੰ ਉਨ੍ਹਾਂ ਦਾ ਫਲ ਭੋਗਣਾ ਪੈਂਦਾ ਹੈ ਇਸੇ ਨੂੰ ਕਰਮਵਾਦ ਜਾਂ ਕਰਮ ਸਿਧਾਂਤ ਕਹਿੰਦੇ ਹਨ। ਕਰਮਪਦ ਦੀ ਵਰਤੋਂ ਭਾਰਤੀ ਧਰਮ ਦਰਸ਼ਨ ਵਿੱਚ ਅਧਿਆਤਮਕ ਪਰਿਪੇਖ ਵਿਚ ਹੀ ਹੁੰਦੀ ਆਈ ਹੈ। ਭਾਰਤੀ ਦਰਸ਼ਨ ਵਿਚ ਕਰਮਵਾਦ ਦਾ ਇਕ ਵਿਸ਼ੇਸ਼ ਸੰਕਲਪ ਮੌਜੂਦ ਹੈ ਜਿਸ ਦੇ ਅੰਤਰਗਤ ਜੋ ਕਰਮ ਮਨੁੱਖ ਕਰਦਾ ਹੈ; ਉਸ ਦਾ ਫਲ ਉਸ ਦੀ ਹੋਣੀ ਹੁੰਦੀ ਹੈ। ਰੋਜ਼ਾਨਾ ਜ਼ਿੰਦਗੀ ਵਿਚ ਮਨੁੱਖ ਦੋ ਤਰ੍ਹਾਂ ਦੇ ਕਰਮ ਕਰਦਾ ਹੈ : ਸਰੀਰਕ ਕਰਮ ਤੇ ਮਾਨਸਿਕ ਕਰਮ। ਸਰੀਰਕ ਕਰਮਾਂ ਵਿੱਚ ਮਨੁੱਖ ਦਾ ਹੱਸਣਾ, ਖੇਡਣਾ, ਬੈਠਣਾ, ਉਠਣਾ, ਤੁਰਨਾ, ਫਿਰਨਾ, ਬੋਲਣਾ ਤੇ ਹੋਰ ਕੰਮਕਾਰ ਆਉਂਦੇ ਹਨ। ਮਾਨਸਿਕ ਕਰਮਾਂ ਅਧੀਨ ਮਨੁੱਖੀ ਮਨ ਦੀ ਸੋਚ, ਵਿਚਾਰ, ਯਾਦ, ਕਲਪਨਾ, ਰੀਝਾਂ, ਸੱਧਰਾਂ ਤੇ ਸਾਰੇ ਮਨੋਭਾਵ ਆਉਂਦੇ ਹਨ।

ਪ੍ਰਵਿਰਤੀ ਭਾਵ ਰੁਚੀ ਦੇ ਆਧਾਰ ਤੇ ਕਰਮ ਦੋ ਪ੍ਰਕਾਰ ਦੇ ਹੀ ਹਨ : ਸ਼ੁਭ ਕਰਮ ਅਤੇ ਅਸ਼ੁਭ ਕਰਮ। ਗਿਆਨੀ ਪ੍ਰਤਾਪ ਸਿੰਘ ਨੇ ਕਰਮ ਮੰਤਵ ਦੇ ਆਧਾਰ ਉੱਤੇ ਕਰਮਾਂ ਦੇ ਰੂਪ ਦੀ ਵੰਡ ਵੀ ਕੀਤੀ ਹੈ ਉਸ ਦੇ ਕਥਨ ਅਨੁਸਾਰ ਮਨੁੱਖ ਚਾਰ ਤਰ੍ਹਾਂ ਦੀ ਪ੍ਰਵਿਰਤੀ ਅਧੀਨ ਕਰਮ ਕਰਦਾ ਹੈ:

ੳ) ਸਵਾਰਥ ਲਈ

ਅ) ਕਰਤਵ ਸਮਝਕੇ

ੲ) ਨਿਸ਼ਕਾਮ ਕਰਮ

ਸ) ਸੇਵਾ ਆਦਿ।4

ਸ਼ੁਭ ਅਸ਼ੁਭ ਦੇ ਸੰਕਲਪ ਅਧੀਨ ਉਪਰੋਤਕ ਵਰਣਿਤ ਰੂਪਾਂ ਵਿਚ ਪਹਿਲਾ ਰੂਪ ਤਾਂ ਅਸ਼ੁਭ ਹੋ ਸਕਦਾ ਹੈ ਪਰ ਬਾਕੀ ਤਿੰਨ ਪ੍ਰਕਾਰ ਆਦਿ ਗ੍ਰੰਥ ਦੇ ਆਸ਼ੇ ਅਨੁਸਾਰ ਸ਼ੁਭ ਕਰਮ ਹਨ। ਸ਼ੁਭ ਕਰਮਾਂ ਨੂੰ ਚੰਗੇ ਕਰਮ ਵੀ ਕਿਹਾ ਜਾਂਦਾ ਹੈ ਨੈਤਿਕ ਤੇ ਧਾਰਮਿਕ ਪੱਖ ਤੋਂ ਕੀਤੇ ਜਾਣ ਵਾਲੇ ਸਰੀਰਕ ਕਰਮ ਸ਼ੁਭ ਹਨ ਜਿਵੇਂ ਨੇਕ ਕੰਮਾਂ ਲਈ ਕਾਰਜਸ਼ੀਲਤਾ, ਕੀਰਤੀ, ਪ੍ਰਭੂ ਦਾ ਜਸ ਗਾਇਨ ਆਦਿ। ਨਿੰਦਿਆ, ਧੋਖਾ, ਕੁਕਰਮ, ਬੇਵਫਾਈ, ਚੋਰੀ, ਠੱਗੀ ਆਦਿ ਸਰੀਰਕ ਅਸ਼ੁਭ ਕਰਮ ਹਨ ਕਿਉਂਕਿ ਨਾ ਹੀ ਕੋਈ ਧਰਮ ਤੇ ਨਾ ਹੀ ਕੋਈ ਨੈਤਿਕ ਵਿਧਾਨ ਅਜਿਹੇ ਕਰਮਾਂ ਦੀ ਆਗਿਆ ਦਿੰਦਾ ਹੈ। ਅਜਿਹੇ ਅਸ਼ੁਭ ਕਰਮ ਮਨੁੱਖ ਨੂੰ ਸੰਸਾਰਿਕ ਬੰਧਨਾਂ ਵਿੱਚ ਜ਼ਿਆਦਾ ਜਕੜ ਲੈਂਦੇ ਹਨ, ਮਨੁੱਖੀ ਮਨ ਵਿੱਚ ਲਾਲਸਾਵਾਂ ਜਾਗਦੀਆਂ ਹਨ ਤੇ ਮਨੁੱਖ ਮਾਇਆ ਜਾਲ ਵਿੱਚ ਫਸਦਾ ਜਾਂਦਾ ਹੈ ਅਤੇ ਮਨੁੱਖ ਵਿਕਾਰਾਂ ਵਿਚ ਹੋਰ ਗ੍ਰਸਿਆ ਚਲਾ ਜਾਂਦਾ ਹੈ। ਅਸ਼ੁਭ ਕਰਮ ਮਨੁੱਖ ਨੂੰ ਸਹੀ ਰਸਤੇ ਨਹੀਂ ਪਾਉਂਦੇ ਸਗੋਂ ਗਲਤ ਰਾਹ ਤੋਰਦੇ ਹਨ ਤੇ ਮਨੁੱਖ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਲਈ ਘਟੀਆ ਤੋਂ ਘਟੀਆ ਕਰਮ ਕਰਨ ਲਈ ਮਜ਼ਬੂਰ ਹੋ ਜਾਂਦਾ ਹੈ। ਆਦਿ ਗ੍ਰੰਥ ਵਿੱਚ ਅਜਿਹੇ ਕਰਮਾਂ ਨੂੰ ਵਿਕਾਰ ਕਿਹਾ ਗਿਆ ਹੈ। ਅਜਿਹੇ ਵਿਕਾਰ ਕਰਕੇ ਮਨੁੱਖ ਦਾ ਸੁਭਾ ਬਣ ਜਾਂਦਾ ਹੈ ਇਹੀ ਮਨੁੱਖੀ ਸੁਭਾ ਦੁੱਖਾਂ ਦਾ ਮੂਲ ਕਾਰਨ ਬਣਦਾ ਹੈ।

ਅਸ਼ੁਭ ਕਰਮਾਂ ਅਧੀਨ ਹੀ ਕਰਮਕਾਂਡੀ ਕਰਮ ਆਉਂਦੇ ਹਨ। ਕਰਮ—ਕਾਂਡੀ ਕਰਮ ਉਹ ਹੁੰਦੇ ਹਨ ਜੋ ਧਾਰਮਿਕ ਤੇ ਨੈਤਿਕ ਪੱਖੋਂ ਤਾਂ ਸ਼ੁਭ ਹੁੰਦੇ ਹਨ ਪਰ ਕਰਤਾ ਉਨ੍ਹਾਂ ਕਰਮਾਂ ਨੂੰ ਸ਼ੁਭ ਆਸ਼ੇ ਨਾਲ ਨਹੀਂ ਕਰਦਾ, ਉਹ ਆਪਣੇ ਬਾਹਰੀ ਪ੍ਰਭਾਵਾਂ ਨੂੰ ਲੋਕਾਂ ਵਿੱਚ ਚੰਗਾ ਪ੍ਰਮਾਣਿਤ ਕਰਨ ਲਈ, ਲੋਕਾਂ ਦੀ ਸ਼ਲਾਘਾ ਪ੍ਰਾਪਤੀ ਅਤੇ ਆਪਣੀ ਹਉਮੈ ਨੂੰ ਸੰਤੁਸ਼ਟ ਕਰਨ ਦੇ ਮੰਤਵ ਨਾਲ ਨਿਭਾਉਂਦਾ ਹੈ। ਜ਼ਿਆਦਾਤਰ ਲੋਕ ਦਿਖਾਵਾ ਕਰਦੇ ਹਨ ਤੇ ਅਸਲੀਅਤ ਤੋਂ ਦੂਰ ਹੁੰਦੇ ਹਨ।

ਲੋਕ ਜੀਵਨ ਵਿਚ ਦਿਖਾਵੇ ਅਤੇ ਪਾਖੰਡ ਦੇ ਕਰਮਾਂ ਦਾ ਇਕ ਅਜਿਹਾ ਜਾਲ ਵਿਛਿਆ ਹੋਇਆ ਹੈ ਕਿ ਕਰਮਾਂ ਦੀ ਮੂਲ ਭਾਵਨਾ ਖ਼ਤਮ ਹੋ ਗਈ ਹੈ। ਲੋਕਾਂ ਨੂੰ ਠੱਗਣ ਲਈ ਕੀਤੇ ਕਰਮਾਂ ਦਾ ਗੁਰਬਾਣੀ ਵਿੱਚ ਖੰਡਨ ਕਰਕੇ

ਅਸਲੀ ਕਰਮਾਂ ਵਲ ਜਾਣ ਦੀ ਆਮ ਪ੍ਰੇਰਣਾ ਹੈ।5 ਕਈ ਵਾਰੀ ਤਾਂ ਅਜਿਹੇ ਕਰਮਾਂ ਵਿਚ ਅਪ੍ਰੋਖ ਰੂਪ ਵਿਚ ਉਹਦਾ ਆਪਣਾ ਸੰਸਾਰਕ ਮਨੋਰਥ ਵੀ ਨਿਹਿਤ ਹੁੰਦਾ ਹੈ। ਜਦੋਂ ਇਸ ਭਾਵਨਾ ਦੇ ਅੰਤਰਗਤ ਧਰਮ ਖੇਤਰ ਵਿਚ ਅਜਿਹੇ ਕਰਮ ਕੀਤੇ ਜਾਂਦੇ ਹਨ ਤਾਂ ਉਹ ਨਾਂਹਵਾਚੀ ਕਰਮ-ਕਾਂਡ ਹੋ ਨਿਬੜਦੇ ਹਨ। ਤੀਰਥਾਂ ਤੇ ਇਸ਼ਨਾਨ ਕਰਕੇ ਵੀ ਉਹਨਾਂ ਦੇ ਅੰਦਰੋਂ ਮੈਲ ਨਹੀਂ ਜਾ ਸਕਦੀ। ਗੁਰੂ ਸਾਹਿਬ ਫਰਮਾਉਂਦੇ ਹਨ :

ਅਠਸਠਿ ਤੀਰਥ ਜੇ ਨਾਵਹਿ ਉਤਰੈ ਨਾਹੀਂ ਮੈਲ।

(ਗੁ. ਗ੍ਰੰ. ਪੰਨਾ 473)

ਰਾਸਾਂ ਤੇ ਲੀਲਾਂ ਆਦਿ ਦੇ ਨਿਭਾਉ ਵੀ ਨਾਂਹ—ਵਾਚੀ ਰਹੁਰੀਤਾਂ ਅਰਥਾਤ ਕਰਮਕਾਂਡ ਨਿਰਾਰਥਕ ਮੰਨੇ ਜਾਂਦੇ ਹਨ। ਆਦਿ ਗ੍ਰੰਥ ਵਿੱਚ ਅੰਕਿਤ ਗੁਰੂ ਨਾਨਕ ਬਾਣੀ ਵਿੱਚ ਇਨ੍ਹਾਂ ਦੀ ਨਿਰਾਰਥਕਤਾ ਦਾ ਵਿਸਤ੍ਰਿਤ ਰੂਪ ਵਿੱਚ ਵਰਣਨ ਪੇਸ਼ ਹੈ। ਗੁਰੂ ਨਾਨਕ ਨੇ ਇਨ੍ਹਾਂ ਕਰਮਕਾਂਡਾਂ ਨੂੰ ਕੇਵਲ ਰੋਟੀ ਦੀ ਪੂਰਤੀ ਲਈ ਅਪਣਾਏ ਗਏ ਸਾਧਨ ਕਿਹਾ ਹੈ :

ਵਾਇਨਿ ਚੇਲੇ ਨਚਨਿ ਗੁਰ॥

ਪੈਰ ਹਲਾਇਨ ਫੇਰਨਿ ਸਿਰਿ॥

ਉਡਿ ਉਡਿ ਰਾਵੈ ਝਾਟੈ ਪਾਇ॥

ਵੇਖੈ ਲੋਕ ਹਸੈ ਘਰਿ ਜਾਇ॥

(ਗੁ. ਗ੍ਰੰ. ਪੰਨਾ 465)

ਇਸੀ ਤਰ੍ਹਾਂ ਹੀ ਗੁਰਬਾਣੀ ਵਿੱਚ ਹਠ—ਕਰਮਾਂ ਨੂੰ ਵੀ ਅਰਥਹੀਨ ਦਸਿਆ ਹੈ। ਹਠ ਕਰਮਾਂ ਦੁਆਰਾ ਮਨ ਵਸ ਵਿਚ ਨਹੀਂ ਆਉਂਦਾ ਤੇ ਨਾ ਹੀ ਪ੍ਰਭੂ ਦੇ ਦਰਸ਼ਨ ਹੁੰਦੇ ਹਨ। ਸਗੋਂ ਬਹੁਤੇ ਭੇਖ ਧਾਰਨ ਕਰਨ ਨਾਲ ਸਰੀਰ ਨੂੰ ਦੁੱਖ ਪਹੁੰਚਦਾ ਹੈ। ਗੁਰਬਾਣੀ ਵਿੱਚ ਇਸ ਪ੍ਰਕਾਰ ਦੇ ਕਰਮਾਂ ਨੂੰ ਪਾਖੰਡ ਕਿਹਾ ਹੈ :

- ਭਸਮ ਚੜਾਇ ਕਰਹਿ ਪਾਖੰਡ

ਮਾਇਆ ਮੋਹੁ ਸਹਹਿ ਜਮਡੰਡੁ॥

(ਗੁ. ਗ੍ਰੰ. ਪੰਨਾ-903)

- ਬਹੁ ਭੇਖ ਕੀਆ॥ ਦੇਖੀ ਦੁਖੁ ਦੀਆ॥

ਸਹੁ ਵੇ ਜੀਆ ਆਪਣਾ ਕੀਆ॥

ਅੰਨੁ ਨ ਖਾਇਆ ਸਾਦੁ ਗਵਾਇਆ॥

(ਪੰਨਾ-467)

- ਹਠੁ ਨਿਗ੍ਰਹੁ ਕਰਿ ਕਾਇਆ ਛੀਜੈ॥

(ਪੰਨਾ 905)

ਰਿੱਧੀਆਂ ਸਿੱਧੀਆਂ ਵਿਚ ਫਸਿਆ ਮਨੁੱਖ ਪ੍ਰਭੂ ਨੂੰ ਵਿਸਾਰ ਦਿੰਦਾ ਹੈ। ਗੁਰਬਾਣੀ ਵਿਚ ਇਕਾ ਬਾਹਰਮੁਖੀ ਕਰਮਾਂ ਨੂੰ ਤਿਆਗ ਕੇ ਮਨ ਦੀ ਇਕਾਗਰਤਾ ਉੱਤੇ ਜ਼ੋਰ ਦੇਣ ਲਈ ਕਿਹਾ ਹੈ ਤੇ ਉਸ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਚਾਹੀਦਾ ਹੈ। ਨਾ ਕਿ ਹੱਠ ਕਰਕੇ ਸਰੀਰ ਨੂੰ ਨਾਸ਼ ਕਰਨਾ ਚਾਹੀਦਾ ਹੈ- ਨਾਮ ਵਿਸਾਰ ਕੇ ਮਨੁੱਖ ਪਛਤਾਉਂਦਾ ਹੈ ਬੇਸ਼ਕ ਉਹ ਅਨੇਕ ਹੀ ਰੂਪ ਕਿਉਂ ਨਾ ਧਾਰਨ ਕਰ ਲਵੇ :

ਹਠ ਕਰਿ ਮਰੈ ਨ ਲੇਖੈ ਪਾਵੈ।

ਵੇਸ ਕਰੈ ਬਹੁ ਭਸਮ ਲਗਾਵੈ।

ਨਾਮੁ ਬਿਸਾਰਿ ਬਹੁਰਿ ਪਛੁਤਾਵੈ।

(ਪੰਨਾ 226)

ਅਸ਼ੁਭ ਕਰਮਾਂ ਅਧੀਨ ਹਉਮੈ ਵਿਆਪਕ ਕਰਮ ਵੀ ਆਉਂਦੇ ਹਨ। ਹਉਮੈ ਅਧੀਨ ਕੀਤੇ ਕਰਮਾਂ ਨਾਲ ਸੰਸਾਰਕ ਬੰਧਨ ਹੋਰ ਵੀ ਪੱਕੇ ਹੋ ਜਾਂਦੇ ਹਨ। ਹਉਮੈ ਹੀ ਆਤਮਾ ਪਰਮਾਤਮਾ ਵਿਚਕਾਰ ਰੁਕਾਵਟ ਦਾ ਕਾਰਨ ਬਣਦੀ ਹੈ। ਹਉਮੈ ਦੇ ਬੰਧਨ ਵਿੱਚ ਬੰਨਿਆ ਮਨੱਖ ਬਾਰ-ਬਾਰ ਜਨਮ ਧਾਰਦਾ ਹੈ ਕਿਉਂਕਿ ਉਸਨੂੰ ਆਪਣੇ ਹਰ ਕਰਮ ਦਾ ਹੰਕਾਰ ਹੁੰਦਾ ਹੈ। ਖੁਦੀ ਵਿੱਚ ਮਸਤ ਹੋਇਆ ਮਨੁੱਖ ਇਸ ਦੁਨੀਆਂ ਤੋਂ ਚਲਾ ਜਾਂਦਾ ਹੈ :

ਜਬ ਇਹ ਜਾਨੈ ਮੈ ਕਿਛੁ ਕਰਤਾ॥

ਤਬ ਲਗੁ ਗਰਭ ਜੋਨਿ ਮਹਿ ਫਿਰਤਾ॥

(ਪੰਨਾ 278)

... ... ... ...

ਹਉਮੈ ਕਰਿ ਕਰਿ ਜਾਇਸੀ ਜੋ ਆਇਆ ਜਗ ਮਾਹਿ॥ (ਪੰਨਾ 63)

ਜਦੋਂ ਮਨੁੱਖ ਹਉਮੈ ਕਰਕੇ ਆਪਣੇ ਆਪ ਨੂੰ ਪਰਮਾਤਮਾ ਤੋਂ ਵੱਖਰਾ ਸਮਝਣ ਲੱਗ ਜਾਂਦਾ ਹੈ ਤਾਂ ਸਾਰਾ ਕੁਝ ਹਉਮੈ ਕਰਕੇ ਹੀ ਵਾਪਰਦਾ ਹੈ ਜੀਵ ਦੇ ਬੰਧਨ—ਯੁਕਤ ਕਰਮਾਂ ਦਾ ਚੱਕਰ ਸ਼ੁਰੂ ਹੋ ਜਾਂਦਾ ਹੈ। ਉਸ ਦੇ ਦੁੱਖਾਂ ਵਿੱਚ ਵਾਧਾ ਹੁੰਦਾ ਜਾਂਦਾ ਹੈ। ਮਨੁੱਖ ਦੁੱਖ ਦੀ ਜੜ ਨੂੰ ਸਮਝ ਨਹੀਂ ਸਕਦਾ। ਵਾਸਤਵ ਵਿਚ ਇਹ ਉਸਦੇ ਕੀਤੇ ਕਰਮਾਂ ਦਾ ਹੀ ਫਲ ਹੁੰਦਾ ਹੈ। ਬਾਣੀ ਵਿੱਚ ਪੁਸ਼ਟ ਹੈ :

ਦਦੈ ਦੋਸੁ ਨ ਦੇਊ ਕਿਸੈ ਦੋਸੁ ਕੰਰਮਾ ਆਪਣਿਆ॥

ਜੋ ਮੈਂ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥

(ਪੰਨਾ-433)

www.ignited.in

"ਸੋ ਅਸੀਂ ਅਸ਼ੁਭ ਕਰਮ ਤਿਆਗ ਕੇ ਹੀ ਆਪਣੀ ਭਵਿੱਖ ਦੀ ਜ਼ਿੰਦਗੀ ਨੂੰ ਚੰਗਾ ਬਣਾ ਸਕਦੇ ਹਾਂ।"6 ਗੁਰਬਾਣੀ ਅਨੁਸਾਰ ਮਨੁੱਖ ਨੂੰ ਪਰਮਾਤਮਾ ਦੇ ਹਕਮ ਤੇ ਰਜ਼ਾ ਵਿੱਚ ਹੀ ਰਹਿ ਕੇ ਕਰਮ ਕਰਨੇ ਚਾਹੀਦੇ ਹਨ। ਕਿਉਂਕਿ ਮਨੁੱਖ ਉਹੋ ਕਰਮ ਕਰਦਾ ਹੈ ਜੋ ਪ੍ਰਭੂ ਉਸ ਤੋਂ ਕਰਵਾਉਂਦਾ ਹੈ :

ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥

(ਪੰਨਾ 1241)

ਮਨੁੱਖ ਨੂੰ ਹਮੇਸ਼ਾ ਅਧਿਆਤਮਿਕ ਕਰਮ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ :

ਅਧਿਆਤਮ ਕਰਮ ਕਰੇ ਦਿਨੁਰਾਤੀ

(ਪੰਨਾ 1039)

ਇਹ ਕਰਮ ਕਰਕੇ ਹੀ ਮਨੁੱਖ ਮੁਕਤੀ ਪ੍ਰਾਪਤ ਕਰਦਾ ਹੈ ਇਨ੍ਹਾਂ ਕਰਮਾਂ ਵਿੱਚ ਹਉਮੈ ਤੋਂ ਬਿਨਾਂ ਕੀਤੇ ਕਰਮ ਸ਼ਾਮਲ ਹਨ। ਅਜਿਹੇ ਕਰਮ ਕਰਕੇ ਹੀ ਮਨੁੱਖ ਸੱਚੇ ਪਰਮਾਤਮਾ ਵਿੱਚ ਸਮਾ ਸਕਦਾ ਹੈ ਅਤੇ ਸਚਿਆਰਾ ਬਣ ਸਕਦਾ ਹੈ ਇਸ ਭੇਦ ਨੂੰ ਕੱਚਾ ਭਾਵ ਮਨਮੁਖ ਨਹੀਂ ਸਮਝ ਸਕਦਾ :

ਅਧਿਆਤਮ ਕਰਮ ਕਰੇ ਤਾਂ ਸਾਚਾ

ਮੁਕਤਿ ਭੇਦੁ ਕਿਆ ਜਾਣੈ ਕਾਚਾ॥

(ਪੰਨਾ 223)

ਅਧਿਆਤਮਕ ਕਰਮਾਂ ਦੇ ਨਾਲ ਹੀ ਦੁਨਿਆਵੀ ਕਰਮ ਨਿਭਾਉਂਦੇ ਰਹਿਣ ਦਾ ਵੀ ਉਪਦੇਸ਼ ਹੈ। ਮਨੁੱਖ ਦੋਹਾਂ ਵਿੱਚ ਸੰਤੁਲਨ ਰੱਖੇ। ਨਾਮ ਸਿਮਰਨ, ਸੇਵਾ, ਉਪਾਸਨਾ ਭਗਤੀ ਆਦਿ ਮਨੁੱਖ ਦੇ ਅਧਿਆਤਮਕ ਕਰਮ ਹਨ।

ਆਦਿ ਗ੍ਰੰਥ ਵਿੱਚ ਕਰਮਾਂ ਨੂੰ ਹੁਕਮ ਦੀ ਕਾਰ ਵੀ ਆਖਿਆ ਗਿਆ ਹੈ। 'ਹੁਕਮਿ ਰਜਾਈ ਚਲਾਣਾ ਨਾਨਕ ਲਿਖਿਆ ਨਾਲਿ' ਜਪੁਜੀ ਵਿੱਚ ਦਰਜ ਹੈ। ਗੁਰਬਾਣੀ ਵਿੱਚ ਦਰਜ ਹੈ ਕਿ ਮਨੁੱਖੀ ਕਰਮਾਂ ਦੀ ਖੇਤੀ ਹੈ ਹਰ ਇਕ ਕਰਮ ਇਕ ਬੀਜ ਦੀ ਤਰ੍ਹਾਂ ਹੈ ਜੋ ਖੇਤੀ ਵਿੱਚ ਬੀਜਿਆ ਜਾਂਦਾ ਹੈ ਜਿਸ ਤਰ੍ਹਾਂ ਦਾ ਬੀਜ ਉਹ ਖੇਤੀ ਵਿਚ ਬੀਜਦਾ ਹੈ, ਉਸੇ ਤਰ੍ਹਾਂ ਦਾ ਫਲ ਪ੍ਰਾਪਤ ਕਰਦਾ ਹੈ :

- ਜੇਹੇ ਕਰਮ ਕਮਾਇ ਤੇਹਾ ਹੋਇਸੀ।

(ਪੰਨਾ 730)

- ਕਰਿ ਕਰਿ ਆਪਣਾ ਲਿਖਿ ਲੈ ਜਾਹੁ

ਆਪੇ ਬੀਜਿ ਆਪੇ ਹੀ ਖਾਹੁ॥

(ਪੰਨਾ 4)

- ਚੰਗਾ ਮੰਦਾ ਆਪਣਾ ਆਪੇ ਹੀ ਕੀਤਾ ਪਾਵਣਾ॥

(ਪੰਨਾ 470)

ਗੁਰੂ ਅਰਜਨ ਦੀ ਬਾਣੀ ਵਿਚ ਅੰਕਿਤ ਹੈ :

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥

(ਪੰਨਾ 134)

ਜੇ ਇਕ ਇਨਸਾਨ ਨੇਕ ਕੰਮ ਕਰਦਾ ਚਲਾ ਜਾਵੇ ਤਾਂ ਇਸ ਦੇ ਫਲਸਰੂਪ ਉਸਨੂੰ ਉਚੇਰਾ ਜੀਵਨ ਮਿਲਦਾ ਹੈ। ਇਸ ਦੇ ਉਲਟ ਜੇ ਬਦੀਆਂ ਕਰਦਾ ਚਲਾ ਜਾਵੇ ਤਾਂ ਉਸਨੂੰ ਦੁਖ ਮਿਲਦੇ ਹਨ ਇਸ ਲਈ ਚੰਗੇ ਭਵਿੱਖ ਲਈ ਮਨੁੱਖ ਨੂੰ ਯਤਨਸ਼ੀਲ ਹੋਣਾ ਚਾਹੀਦਾ ਹੈ :

ਆਪਣ ਹਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ॥

(ਪੰਨਾ 474)

ਜਿਵੇਂ ਕਿ ਜਪੁਜੀ ਵਿੱਚ ਦਰਜ ਹੈ ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰ। ਭਾਵ ਮਨੁੱਖੀ ਸਰੀਰ ਕਰਮਾਂ ਕਰਕੇ ਮਿਲਦਾ ਹੈ ਪਰ ਮਨੁੱਖ ਨੂੰ ਮੁਕਤੀ ਪਰਮਾਤਮਾ ਦੀ ਨਦਰਿ ਨਾਲ ਹੀ ਮਿਲਦੀ ਹੈ। ਨਦਰਿ ਦਾ ਮਹੱਤਵ ਕਰਮ 'ਚ ਫਲਾਂ ਨਾਲੋਂ ਬਹੁਤ ਉਚੇਰਾ ਹੁੰਦਾ ਹੈ। ਕਰਮ ਫਲ ਮਨੁੱਖ ਦੇ ਕਮਾਏ ਹੋਏ ਹੁੰਦੇ ਹਨ ਪਰ ਨਦਰਿ ਮਨੁੱਖ ਦੀ ਕਰਮ-ਕ੍ਰਿਤ ਨਹੀਂ ਉਹ ਤਾਂ ਪ੍ਰਭੂ ਦੀ ਬਖਸ਼ੀ ਹੋਈ ਵਿਸ਼ੇਸ਼ ਦਾਤ ਹੈ। ਉਹ ਬੁਰੇ ਮਨੁੱਖ ਤੋਂ ਜਦੋਂ ਚਾਹੇ ਚੰਗੇ ਕਰਮ ਕਰਵਾ ਲੈਂਦਾ ਹੈ :

ਸਾਈ ਕਾਰ ਕਰਾਵਣੀ ਧੁਰ ਕੀ ਫੁਰਮਾਈ।

(ਪੰਨਾ 420)

ਸੱਜਣ ਠੱਗ ਵਰਗੇ ਮਾੜੇ ਕੁਕਰਮੀ ਨੂੰ ਕੀ ਪਤਾ ਸੀ ਕਿ ਰਾਤੋ ਰਾਤ ਉਸ ਦੀ ਜ਼ਿੰਦਗੀ ਬਦਲ ਜਾਵੇਗੀ ਤੇ ਉਸ ਤੇ ਅਜਿਹੀ ਬਖਸ਼ਿਸ਼ ਹੋਵੇਗੀ ਕਿ ਉਹ ਅਸ਼ੁਭ ਕਰਮ ਛੱਡ ਕੇ ਸ਼ੁਭ ਕਰਮ ਕਰਨ ਲਗ ਜਾਵੇਗਾ।

ਅਖੀਰ ਕਿਹਾ ਜਾ ਸਕਦਾ ਹੈ ਕਿ ਕਰਮ ਦਾ ਸਮੁੱਚਾ ਕਾਰ ਵਿਹਾਰ ਉਸ ਪਰਮਾਤਮਾ ਦੇ ਹੁਕਮ ਦੇ ਅੰਤਰਗਤ ਹੁੰਦਾ ਹੈ ਅਤੇ ਹੁਕਮ ਦੇ ਨਾਲ ਹੀ ਉਨ੍ਹਾਂ ਕਰਮਾ ਦਾ ਫਲ ਪ੍ਰਾਪਤ ਹੁੰਦਾ ਹੈ। ਇਉਂ ਸਾਰਾ ਵਿਧਾਨ ਹੀ ਪ੍ਰਭੂ ਨੇ ਆਪਣੇ ਹੱਥ ਵਿੱਚ ਰਖਿਆ ਹੋਇਆ ਹੈ ਅਤੇ ਮਨੁੱਖ ਨੇ ਆਪਣੀ ਜ਼ਿੰਦਗੀ ਵਿੱਚ ਦ੍ਰਿੜ ਇਰਾਦੇ, ਸੰਕਲਪ, ਮਿਹਨਤ ਤੇ ਚੰਗੇ ਕਰਮ ਕਰਨੇ ਹਨ। ਡਾ. ਜੋਧ ਸਿੰਘ ਲਿਖਦੇ ਹਨ ਕਿ ਕਈ ਵਾਰੀ ਦੇਖਿਆ ਜਾਂਦਾ ਹੈ ਕਿ ਹੁਕਮ ਦੇ ਅੰਤਰਗਤ ਕਈ ਭੁੱਲੇ-ਭਟਕੇ ਲੋਕ ਚੰਗੇ ਰਾਹ 'ਤੇ ਪੈ ਜਾਂਦੇ ਹਨ। ਇਹ ਵੀ ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਹੁਕਮ ਦੀ ਕਲਮ ਵੀ ਜੀਵਾਂ ਦੇ ਕਰਮਾਂ ਅਨੁਸਾਰ ਹੀ ਵਗਦੀ ਹੈ ਅਤੇ ਕਰਮਾਂ ਦਾ ਨਿਰਣਾ ਕਰਨ ਵਾਲੀ ਸ਼ਕਤੀ ਵੀ ਹੁਕਮ ਦੀ ਹੀ ਹੁੰਦੀ ਹੈ।7

ਹੁਕਮ ਦੀ ਕਾਰ ਤਹਿਤ ਚਲਕੇ ਮਨੁੱਖ ਪ੍ਰਭੂ ਨੂੰ ਮਿਲ ਸਕਦਾ ਹੈ।8 ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਬਾਣੀ ਵਿਚ ਵੀ ਹੁਕਮ ਦੀ ਕਾਰ ਅਥਵਾ ਹੁਕਮ ਰਜਾਈ ਕਰਮਾਂ ਨੂੰ ਨੇਪਰੇ ਚਾੜਨ ਦਾ ਸੰਕਲਪ ਮੌਜੂਦ ਹੈ :

ਸਭ ਮਹਿ ਸਚਾ ਏਕੋ ਸੋਈ।

ਤਿਸ ਕਾ ਕੀਆ ਸਭੁ ਕਛ ਹੋਈ।

ਹੁਕਮੁ ਪਛਾਨੈ ਸੁ ਏਕ ਜਾਨੈ।

ਬੰਦਾ ਕਹੀਐ ਸੋਈ॥

(ਪੰਨਾ 1350)

ਗੁਰਬਾਣੀ ਵਿੱਚ ਦਰਜ ਹੈ ਕਿ ਉਸਦੇ ਹੁਕਮ ਵਿੱਚ ਹੀ ਉਹੀ ਮਨੁੱਖ ਰਹਿੰਦਾ ਹੈ ਜਿਸਨੂੰ ਉਹ ਆਪਣੀ ਨਦਰਿ ਦਾ ਪਾਤਰ ਬਣਾਕੇ ਆਪਣੇ ਹੀ ਹੁਕਮ ਦੇ ਅੰਤਰਗਤ ਭਾਣਾ ਮੰਨਣ ਲਗਾਵੇ :

ਹੁਕਮੁ ਭੀ ਤਿੰਨਾ ਮਨਾਇਸੀ॥

ਜਿਨ ਕਉ ਨਦਰਿ ਕਰੇਇ॥

(ਪੰਨਾ 510)

ਘਰ ਦਾ ਕਾਰ—ਵਿਹਾਰ ਕਰਦੇ ਹੋਏ ਉਸ ਪਰਮਾਤਮਾ ਦੇ ਹੁਕਮ ਵਿਚ ਚੰਗੇ ਕਰਮ ਨਿਭਾਉਂਦੇ ਹੋਏ ਪਰਮਾਤਮਾ ਦਾ ਨਾਮ ਸਿਮਰਨ ਕਰਨਾ ਹੀ ਜ਼ਰੂਰੀ ਹੈ। ਸਰੀਰ ਨੂੰ ਅਕਹਿ ਤੇ ਅਸਹਿ ਕਸ਼ਟ ਦੇਣ ਨਾਲ, ਹਠ—ਕਰਮ ਕਰਨ ਨਾਲ ਰਿੱਧੀਆਂ ਸਿਧੀਆਂ ਪ੍ਰਾਪਤ ਨਹੀਂ ਹੁੰਦੀਆਂ ਅਤੇ ਨਾ ਹੀ ਪ੍ਰਭੂ ਮਿਲਾਪ ਹੁੰਦਾ ਹੈ। ਇਹ ਸਭ ਕੁਝ ਪ੍ਰਭੂ ਦੀ ਨਦਰਿ ਮਿਹਰ ਤੋਂ ਬਿਨਾਂ ਨਹੀਂ ਹੋ ਸਕਦਾ। ਅਸੀਂ ਚਾਹੇ ਜਿੰਨੇ ਮਰਜੀ ਜਪ ਤਪ ਕਰੀ ਜਾਈਏ ਜਦੋਂ ਤਕ ਸਾਡੇ ਉਪਰ ਉਸ ਪਰਮਾਤਮਾ ਦੀ ਬਖਸ਼ਿਸ਼ ਨਹੀਂ ਹੋਵੇਗੀ ਉਦੋਂ ਤਕ ਸਾਡੇ ਸਾਰੇ ਯਤਨ ਤੇ ਹੱਠ ਕਰਮ ਵਿਅਰਥ ਹਨ। ਇਸੇ ਕਰਕੇ ਗੁਰਮਤਿ ਦਾ ਮਾਰਗ ਹੱਠ ਮਾਰਗ ਨਹੀਂ ਸਗੋਂ ਸਹਿਜ ਮਾਰਗ ਹੈ– ਗੁਰਬਾਣੀ ਅਨੁਸਾਰ :

ਨਾਨਕ ਨਦਰੀ ਸਹਜਿ ਸਾਚਾ ਮਿਲਹੁ ਸਖੀ ਸਹੇਲੀ ਹੋ।

(ਪੰਨਾ 242)

ਇਸ ਲਈ ਸ਼ੁਭ ਕਰਮ ਹੀ ਹੁੰਦੇ ਹਨ ਜਿਨ੍ਹਾਂ ਰਾਹੀਂ ਮਨੁੱਖ ਆਪਣੇ ਆਪ ਨੂੰ ਸੱਚੇ ਆਚਾਰ ਵਿਚ ਢਾਲ ਸਕਦਾ ਹੈ ਅਤੇ ਉਸ ਸੱਚ ਦੀ ਪ੍ਰਾਪਤੀ ਲਈ ਕੋਸ਼ਿਸ਼ ਕਰ ਸਕਦਾ ਹੈ ਪਰ ਸਭ ਕੁਝ ਉਸ ਪਰਮਾਤਮਾ ਦੀ ਨਦਰਿ ਉਤੇ ਹੀ ਨਿਰਭਰ ਹੁੰਦਾ ਹੈ। ਇਸ ਲਈ ਕਰਮ ਤੇ ਨਦਰਿ ਦਾ ਆਪਸ ਵਿਚ ਗੂੜਾ ਸੰਬੰਧ ਹੈ ਕਿਉਂਕਿ ਕਰਮ ਸਿਧਾਂਤ ਦਾ ਆਧਾਰ ਉਸ ਪਰਮਾਤਮਾ ਦੀ ਹੋਂਦ ਅਤੇ ਉਸ ਦੇ ਗੁਣਾਂ ਤੋਂ ਹੀ ਹੁੰਦਾ ਹੈ। ਗੁਰੂ ਸਾਹਿਬ ਫਰਮਾਉਂਦੇ ਹਨ :

ਐਸੀ ਕਲਾ ਨ ਖੇਡੀਐ, ਜਿਤੁ ਦਰਗਹ ਗਇਆ ਹਾਰੀਐ।

(ਪੰਨਾ 469)

ਗੁਰੂ ਸਾਹਿਬ ਨੇ ਮਨੁੱਖ ਨੂੰ ਇਸ ਜਗਤ ਵਿੱਚ ਅਜਿਹੇ ਕਰਮ ਕਰਨ ਲਈ ਪ੍ਰੇਰਿਆ ਹੈ ਕਿ ਉਹ ਆਪਣੇ ਆਪ ਨੂੰ ਉਸ ਪਰਮਾਤਮਾ ਦਾ ਅੰਸ਼ ਰੂਪ ਸਮਝ ਕੇ ਅਜਿਹੇ ਕਰਮ ਕਰੇ ਕਿ ਉਹ ਦਰਗਾਹ ਵਿਚ ਬਾਜ਼ੀ ਨਾ ਹਾਰੇ। ਭਾਵ ਕਿ ਪਰਮਾਤਮਾ ਦੀ ਨਦਰਿ ਦਾ ਪਾਤਰ ਬਣ ਸਕੇ। ਨਦਰਿ ਹੀ ਸਾਡੇ ਕਰਮਾਂ ਨੂੰ ਬਦਲ ਸਕਦੀ ਹੈ ਬੇਸ਼ਕ ਸਾਡੇ ਸੰਸਕਾਰ ਸਥਿਰ ਹਨ ਪਰ ਨਦਰਿ ਨਾਲ ਸਾਡੇ ਮਾੜੇ ਕਰਮਾਂ ਦਾ ਫਲ ਸ਼ੁਭ ਹੋ ਸਕਦਾ ਹੈ।

ਜੇ ਕੋਈ ਇਹ ਸੋਚੇ ਕਿ ਚੰਗੇ ਕਰਮ ਜਾਂ ਯਤਨ ਕਰਨ ਦਾ ਕੀ ਫਾਇਦਾ ? ਕਰਨਾ ਤਾਂ ਉਸ ਪਰਮਾਤਮਾ ਨੇ ਉਹੀ ਹੈ ਜੋ ਉਸ ਨੂੰ ਭਾਵੇਗਾ ਭਾਵ ਨਿਬੇੜਾ ਤਾਂ ਉਸ ਦੀ ਨਦਰਿ ਉਪਰ ਹੀ ਹੋਣਾ ਹੈ। ਇਹ ਸੋਚ ਠੀਕ ਨਹੀਂ ਸਗੋਂ ਨਦਰਿ ਦੀ ਪ੍ਰਾਪਤੀ ਲਈ ਅਸੀਂ ਹਉਮੈਂ ਰਹਿਤ ਕੰਮ ਕਰੀਏ। ਪਰਮਾਤਮਾ ਦੀ ਸਿਫਤ ਸਲਾਹ ਕਰਦੇ ਹੋਏ; ਆਪਣੇ ਜੀਵਨ ਨੂੰ ਚੰਗਾ ਤੇ ਉੱਦਮੀ ਬਣਾਈਏ। ਨਦਰਿ ਦੇ ਖਿਆਲ ਨਾਲ ਹੀ ਅਸੀਂ ਉਸ ਪਰਮਾਤਮਾ ਨੂੰ ਪਿਆਰ ਕਰਦੇ ਹੋਏ ਆਪਣੇ ਅੰਦਰ ਨਿਮਰਤਾ ਦਾ ਗੁਣ ਪੈਦਾ ਕਰ ਸਕਾਂਗੇ। ਅਸੀਂ ਆਪਣੇ ਆਚਾਰ ਨੂੰ ਸ਼ੁੱਧ ਬਣਾ ਸਕਦੇ ਹਾਂ ਅਤੇ ਉਸ ਦੀ ਅਮਿੱਟ ਬਖਸ਼ਿਸ਼ ਪ੍ਰਾਪਤ ਕਰ ਸਕਦੇ ਹਾਂ। ਫੇਰ ਕਿਉਂ ਨਾ ਅਸੀਂ ਚੰਗੇ ਕਰਮ ਕਰਕੇ ਉਸ ਪਰਮਾਤਮਾ ਦੀ ਨਦਰਿ ਦੇ ਪਾਤਰ ਬਣਨ ਦੀ ਕੋਸ਼ਿਸ਼ ਕਰੀਏ।

## ਹਵਾਲੇ ਤੇ ਟਿੱਪਣੀਆਂ

ਪੰਜਾਬੀ ਸ਼ਬਦ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਜਿਲਤ ਤੀਜੀ, 1967, ਪੰਨਾ–377.

ਰਤਨ ਸਿੰਘ ਜੱਗੀ, ਗੁਰੂ ਨਾਨਕ ਦੀ ਵਿਚਾਰਧਾਰਾ, ਨਵਯੁੱਗ ਪਬਲਿਸ਼ਰਜ, ਦਿੱਲੀ, 1969, ਪੰਨਾ 380.

ਭਾਈ ਕਾਹਨ ਸਿੰਘ ਨਾਭਾ, ਗੁਰਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1974, ਪੰਨਾ 304.

ਗਿਆਨੀ ਪ੍ਰਤਾਪ ਸਿੰਘ, ਸਿੱਖ ਫਿਲਾਸਫੀ ਸਿੰਘ ਬ੍ਰਦਰਜ਼, ਬਾਜ਼ਾਰ ਮਾਈ ਸੇਵਾ, ਅੰਮ੍ਰਿਤਸਰ, 1975, ਪੰਨਾ 376.

ਡਾ. ਕਰਨੈਲ ਸਿੰਘ ਥਿੰਦ, ਲੋਕਯਾਨ ਤੇ ਮਧਕਾਲੀਨ ਪੰਜਾਬੀ ਸਾਹਿਤ, ਜੀਵਨ ਮੰਦਿਰ ਪ੍ਰਕਾਸ਼ਨ, ਅੰਮ੍ਰਿਤਸਰ, ਸਤੰਬਰ 1973, ਪੰਨਾ 176

Ajit Singh Sikka, Facets of Guru Nanak's thought, Bee, Kay Publishers, Ludhiana, 1972, p. 95.

ਡਾ. ਜੋਧ ਸਿੰਘ, ਗੁਰਮਤਿ ਨਿਰਣਯ, ਮਾਡਲ ਟਾਊਨ ਲੁਧਿਆਣਾ, ਮਿਤੀਹੀਣ।

ਹੁਕਮੁ ਪਛਾਨਿ ਤਾ ਖਸਮੇ ਮਿਲਣਾ। (ਪੰਨਾ–92).

**Corresponding Author**

**Dr. Harjot Kaur***

www.ignited.in

Professor in Punjabi, Department of Distance Education, Punjabi University, Patiala

**E-Mail – arora.kips@gmail.com**